# ਖੇਤੀਬਾੜੀ ਕਾਰਜਾਂ ਵੱਿਚ ਕੰਮ ਵਾਲੀ ਥਾਂ 'ਤੇ ਹਿੰਸਾ ਦੀ ਰੋਕਥਾਮ - ਕਾਮਿਆਂ ਲਈ ਜਾਣਕਾਰੀ

ਸਾਰੇ ਰੁਜ਼ਗਾਰਦਾਤਾਵਾਂ ਲਈ ਕੰਮ ਵਾਲੀ ਥਾਂ 'ਤੇ ਖਤਰਿਆਂ ਦੇ ਸੰਪਰਕ ਦੇ ਤੁਹਾਡੇ ਜੋਖਮ ਨੂੰ ਘਟਾਉਣ ਅਤੇ ਸੱਟਾਂ ਅਤੇ ਬਮਿਾਰੀਆਂ ਨੂੰ ਰੋਕਣ ਲਈ ਇੱਕ ਪ੍ਰਭਾਵਸ਼ਾਲੀ ਲਖਿਤੀ ਸੱਟ ਅਤੇ ਬਮਿਾਰੀ ਰੋਕਥਾਮ ਪ੍ਰੋਗਰਾਮ (IIPP) ਦੇ ਨਾਲ-ਨਾਲ ਹੋਰ ਸੁਰੱਖਿਆ ਅਤੇ ਸਹਿਤ ਪ੍ਰੋਗਰਾਮ ਲਾਗੂ ਕਰਨੇ ਲਾਜ਼ਮੀ ਹਨ। 1 ਜੁਲਾਈ 2024 ਤੋਂ, ਫਾਰਮਾਂ, ਬਾਗਾਂ, ਅੰਗੂਰਾਂ ਦੇ ਬਾਗਾਂ ਅਤੇ ਹੋਰ ਖੇਤੀਬਾੜੀ ਕਾਰਜ ਸਥਾਨਾਂ ਦੇ ਮਾਲਕ ਇੱਕ ਪ੍ਰਭਾਵਸ਼ਾਲੀ ਲਖਿਤੀ ਵਰਕਪਲੇਸ ਵਾਇਲੈਂਸ ਪ੍ਰੀਵੈਨਸ਼ਨ ਪਲਾਨ (WVPP) ਦੀ ਸਥਾਪਨਾ, ਲਾਗੂ ਕਰਨ ਅਤੇ ਇਸਨੂੰ ਕਾਇਮ ਰੱਖਣ ਲਈ ਵੀ ਜ਼ਮਿੇਵਾਰ ਹੋਣਗੇ।

ਇਹ ਕਾਮਿਆਂ ਸੰਬੰਧੀ ਤੱਥ ਸ਼ੀਟ ਕੰਮ ਵਾਲੀ ਥਾਂ 'ਤੇ ਹਿੰਸਾ ਨੂੰ ਪਰਭਿਾਸ਼ਤਿ ਕਰੇਗੀ, ਕੰਮ ਵਾਲੀ ਥਾਂ 'ਤੇ ਹਿੰਸਾ ਦੀਆਂ ਚਾਰ ਕਸਿਮਾਂ ਦੀ ਵਆਿਖਆਿ ਕਰੇਗੀ, ਲੋੜੀਂਦੀ WVPP ਸਖਿਲਾਈ ਦੀ ਪਛਾਣ ਕਰੇਗੀ, ਕੰਮ ਵਾਲੀ ਥਾਂ 'ਤੇ ਹਿੰਸਾ ਨੂੰ ਰੋਕਣ ਦੇ ਤਰੀਕੇ ਦੀ ਸਫਿਾਰਸ਼ ਕਰੇਗੀ ਅਤੇ WVPP ਦੀਆਂ ਲੋੜਾਂ ਦੇ ਤਹਤਿ ਤੁਹਾਡੇ ਅਧਕਿਾਰਾਂ ਨੂੰ ਸੂਚੀਬੱਧ ਕਰੇਗੀ।

## ਕੰਮ ਵਾਲੀ ਥਾਂ 'ਤੇ ਹਿੰਸਾ ਤੋਂ ਕੀ ਭਾਵ ਹੈ?

"ਕੰਮ ਵਾਲੀ ਥਾਂ 'ਤੇ ਹਿੰਸਾ" ਦਾ ਮਤਲਬ ਹੈ ਕਸਿੇ ਵੀ ਤਰ੍ਹਾਂ ਦੀ ਹਿੰਸਾ ਜਾਂ ਹਿੰਸਾ ਦੀ ਧਮਕੀ ਜੋ ਰੁਜ਼ਗਾਰ ਦੇ ਸਥਾਨ 'ਤੇ ਵਾਪਰਦੀ ਹੈ।

## ਕੰਮ ਵਾਲੀ ਥਾਂ 'ਤੇ ਹਿੰਸਾ ਦੀਆਂ ਚਾਰ ਕਸਿਮਾਂ ਕੀ ਹਨ?

"ਟਾਈਪ 1 ਹਿੰਸਾ": ਕੰਮ ਵਾਲੀ ਥਾਂ 'ਤੇ ਕਸਿੇ ਅਜਹਿੇ ਵਅਿਕਤੀ ਵੱਲੋਂ ਕੀਤੀ ਗਈ ਹਿੰਸਾ ਜਸਿਦਾ ਕੰਮ ਵਾਲੀ ਥਾਂ 'ਤੇ ਕੋਈ ਜਾਇਜ਼ ਕਾਰੋਬਾਰ ਨਹੀਂ ਹੈ ਅਤੇ ਇਸ ਵੱਿਚ ਕਸਿੇ ਵੀ ਵਅਿਕਤੀ ਵੱਲੋਂ ਹਿੰਸਕ ਕਾਰਵਾਈਆਂ ਸ਼ਾਮਲ ਹਨ, ਜੋ ਕੰਮ ਵਾਲੀ ਥਾਂ 'ਤੇ ਦਾਖਲ ਹੁੰਦਾ ਹੈ ਜਾਂ ਅਪਰਾਧ ਕਰਨ ਦੇ ਇਰਾਦੇ ਨਾਲ ਕਰਮਚਾਰੀਆਂ ਤੱਕ ਪਹੁੰਚਦਾ ਹੈ।

"ਟਾਈਪ 2 ਹਿੰਸਾ": ਗਾਹਕਾਂ, ਕਲਾਇੰਟਾਂ, ਮਰੀਜ਼ਾਂ, ਵਦਿਆਿਰਥੀਆਂ, ਕੈਦੀਆਂ ਜਾਂ ਮੁਲਾਕਾਤੀਆਂ ਵੱਲੋਂ ਕਰਮਚਾਰੀਆਂ 'ਤੇ ਨਰਿਦੇਸ਼ਤਿ ਕੰਮ ਵਾਲੀ ਥਾਂ 'ਤੇ ਕੀਤੀ ਜਾਣ ਵਾਲੀ ਹਿੰਸਾ।

"ਟਾਈਪ 3 ਹਿੰਸਾ": ਕਸਿੇ ਮੌਜੂਦਾ ਜਾਂ ਸਾਬਕਾ ਕਰਮਚਾਰੀ, ਸੁਪਰਵਾਈਜ਼ਰ ਜਾਂ ਮੈਨੇਜਰ ਵੱਲੋਂ ਕਸਿੇ ਕਰਮਚਾਰੀ ਦੇ ਵਰਿੱਧ ਕੰਮ ਵਾਲੀ ਥਾਂ 'ਤੇ ਕੀਤੀ ਜਾਣ ਵਾਲੀ ਹਿੰਸਾ।

"ਟਾਈਪ 4 ਹਿੰਸਾ": ਕੰਮ ਵਾਲੀ ਥਾਂ 'ਤੇ ਕਸਿੇ ਅਜਹਿੇ ਵਅਿਕਤੀ ਦੁਆਰਾ ਕੀਤੀ ਗਈ ਹਿੰਸਾ, ਜੋ ਉੱਥੇ ਕੰਮ ਨਹੀਂ ਕਰਦਾ ਪਰ ਕਸਿੇ ਕਰਮਚਾਰੀ ਨਾਲ ਉਸ ਦਾ ਨਜ਼ਿੀ ਸਬੰਧ ਹੈ ਜਾਂ ਜਾਣ-ਪਛਾਣ ਹੈ।



## ਖੇਤੀਬਾੜੀ ਵਵਿਸਥਾਵਾਂ ਵੱਿਚ ਕੰਮ ਵਾਲੀ ਥਾਂ 'ਤੇ ਹਿੰਸਾ ਨੂੰ ਰੋਕਣਾ

ਰੁਜ਼ਗਾਰਦਾਤਾਵਾਂ ਨੂੰ ਇਸਦੇ WVPP 'ਤੇ ਪਹਲਿੀ ਵਾਰ ਸਥਾਪਤਿ ਕੀਤੇ ਜਾਣ, ਸ਼ੁਰੂਆਤੀ ਸਖਿਲਾਈ ਦੌਰਾਨ ਅਤੇ ਉਸ ਤੋਂ ਬਾਅਦ ਹਰ ਸਾਲ ਆਪਣੇ ਕਰਮਚਾਰੀਆਂ ਨੂੰ ਸਖਿਲਾਈ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਸਖਿਲਾਈ ਦੀ ਉਦੋਂ ਲੋੜ ਹੁੰਦੀ ਹੈ, ਜਦੋਂ ਕਸਿੇ ਨਵੇਂ ਜਾਂ ਪਹਲਿਾਂ ਅਣਪਛਾਤੇ ਕੰਮ ਵਾਲੀ ਥਾਂ 'ਤੇ ਹਿੰਸਾ ਦੇ ਖਤਰੇ ਦੀ ਪਛਾਣ ਕੀਤੀ ਜਾਂਦੀ ਹੈ ਜਾਂ ਕਸਿੇ ਰੁਜ਼ਗਾਰਦਾਤਾ ਦੇ WVPP ਵੱਿਚ ਬਦਲਾਅ ਕੀਤੇ ਜਾਂਦੇ ਹਨ।

ਕੰਮ ਵਾਲੀ ਥਾਂ 'ਤੇ ਹਿੰਸਾ ਦੀ ਰੋਕਥਾਮ ਦੀ ਸਖਿਲਾਈ ਵੱਿਚ ਹੇਠ ਲਖਿੀਆਂ ਗੱਲਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ:

- WVPP ਵਕਿਸਤ ਕਰਨ ਅਤੇ ਇਸ ਨੂੰ ਪੂਰਾ ਕਰਨ ਵੱਿਚ ਵਰਕਰਾਂ ਅਤੇ ਉਹਨਾਂ ਦੇ ਪ੍ਰਤੀਨਧਿੀਆਂ ਨੂੰ ਕਵਿੇਂ ਸ਼ਾਮਲ ਕਰਨਾ ਹੈ।
- ਲਖਿਤੀ WVPP ਦੀ ਇੱਕ ਮੁਫ਼ਤ ਕਾਪੀ ਕਵਿੇਂ ਪ੍ਰਾਪਤ ਕੀਤੀ ਜਾਵੇ।
- ਬਦਲੇ ਦੇ ਡਰ ਤੋਂ ਬਨਿਾਂ ਕੰਮ ਵਾਲੀ ਥਾਂ 'ਤੇ ਹਿੰਸਾ ਦੀਆਂ ਘਟਨਾਵਾਂ ਜਾਂ ਚਤਿਾਵਾਂ ਦੀ ਰਪਿੋਰਟ ਆਪਣੇ ਮਾਲਕ ਜਾਂ ਕਨੂੰਨ ਲਾਗੂ ਕਰਨ ਵਾਲੇ ਨੂੰ ਕਵਿੇਂ ਕਰਨੀ ਹੈ।
- ਕਰਮਚਾਰੀਆਂ ਦੀ ਨੌਕਰੀ ਲਈ ਕੰਮ ਵਾਲੀ ਥਾਂ 'ਤੇ ਹਿੰਸਾ ਦੇ ਖ਼ਤਰੇ ਕੀ ਹਨ।
    - ਰੁਜ਼ਗਾਰਦਾਤਾ ਉਹਨਾਂ ਖਤਰਿਆਂ ਨਾਲ ਕਵਿੇਂ ਨਜਿੱਠੇਗਾ।
    - ਕਰਮਚਾਰੀ ਹਿੰਸਾ ਤੋਂ ਬਚਣ ਜਾਂ ਜਵਾਬ ਦੇਣ ਲਈ ਕਵਿੇਂ ਮਦਦ ਲੈ ਸਕਦਾ ਹੈ।
    - ਸਰੀਰਕ ਨੁਕਸਾਨ ਤੋਂ ਬਚਣ ਦੇ ਤਰੀਕੇ ਬਾਰੇ ਸੁਝਾਅ।

(ਅਗਲੇ ਪੰਨੇ 'ਤੇ ਜਾਰੀ)

## ਕੰਮ ਵਾਲੀ ਥਾਂ 'ਤੇ ਹਿੰਸਾ ਨੂੰ ਰੋਕਣ ਲਈ ਕਾਮੇ ਕਿਵੇਂ ਮਦਦ ਕਰ ਸਕਦੇ ਹਨ?

ਜੇ ਤੁਹਾਨੂੰ ਕੰਮ ਵਾਲੀ ਥਾਂ 'ਤੇ ਹਿੰਸਾ ਦੀਆਂ ਘਟਨਾਵਾਂ ਬਾਰੇ ਪਤਾ ਹੈ ਅਤੇ/ਜਾਂ ਜੇ ਤੁਹਾਨੂੰ ਕਿਸੇ ਵੀ ਅਜਿਹੀ ਘਟਨਾ ਦਾ ਸ਼ੱਕ ਹੈ, ਜਿਸ ਵਿੱਚ ਇਹ ਉਦਾਹਰਨਾਂ ਸ਼ਾਮਲ ਹੋ ਸਕਦੀਆਂ ਹਨ, ਤਾਂ ਆਪਣੇ ਸੁਪਰਵਾਈਜ਼ਰ ਨੂੰ ਸੂਚਿਤ ਕਰੋ:

- ਕਿਸੇ ਕਰਮਚਾਰੀ ਦੇ ਵਿਰੁੱਧ ਸਰੀਰਕ ਸੱਟ ਜਾਂ ਜ਼ੁਬਾਨੀ ਧਮਕੀਆਂ।
- ਕੰਮ ਵਾਲੀ ਥਾਂ 'ਤੇ ਗੈਰ-ਕਰਮਚਾਰੀਆਂ ਜਾਂ ਅਜਨਬੀ, ਜਿਨ੍ਹਾਂ ਵੱਲੋਂ ਨੁਕਸਾਨ ਪਹੁੰਚਾਉਣ ਦੀ ਇੱਛਾ ਦਾ ਸ਼ੱਕ ਹੈ।
- ਕੰਮ ਵਾਲੀ ਥਾਂ 'ਤੇ ਸੰਭਾਵਿਤ ਹਿੰਸਾ ਦੀਆਂ ਅਫਵਾਹਾਂ।
- ਸਹਿਕਰਮੀਆਂ, ਕਲਾਇੰਟਾਂ ਅਤੇ/ਜਾਂ ਗੈਰ-ਕਰਮਚਾਰੀਆਂ ਵਿਚਕਾਰ ਬਹਿਸ ਜਾਂ ਸਰੀਰਕ ਝਗੜੇ।

ਉਹਨਾਂ ਪ੍ਰਕਿਰਿਆਵਾਂ ਤੋਂ ਜਾਣੂ ਹੋਵੋ, ਜਿਨ੍ਹਾਂ ਬਾਰੇ ਤੁਹਾਡੇ ਮਾਲਕ ਨੇ ਲਿਖਿਆ ਹੈ:

- ਆਪਣੇ ਮਾਲਕ ਜਾਂ ਕਨੂੰਨ ਲਾਗੂ ਕਰਨ ਵਾਲੇ ਨੂੰ ਕੰਮ ਵਾਲੀ ਥਾਂ 'ਤੇ ਅਸਲ ਜਾਂ ਸੰਭਾਵੀ ਹਿੰਸਾ ਦਾ ਜਵਾਬ ਦਿਓ ਅਤੇ ਰਿਪੋਰਟ ਕਰੋ।
- WVPP ਦੀ ਇੱਕ ਕਾਪੀ ਲਈ ਬੇਨਤੀ ਕਰੋ।
- ਕੰਮ ਵਾਲੀ ਥਾਂ 'ਤੇ ਹਿੰਸਾ ਦੀ ਐਮਰਜੈਂਸੀ ਦੇ ਮਾਮਲੇ ਵਿੱਚ ਖਾਲੀ ਕਰੋ ਜਾਂ ਸੁਰੱਖਿਅਤ ਜਗ੍ਹਾ 'ਤੇ ਪਨਾਹ ਲਓ।
- ਕੰਮ ਵਾਲੀ ਥਾਂ 'ਤੇ ਸਰੀਰਕ ਨੁਕਸਾਨ ਅਤੇ ਹਿੰਸਾ ਤੋਂ ਬਚੋ।
- WVPP ਬਾਰੇ ਸਵਾਲਾਂ ਅਤੇ ਜਵਾਬਾਂ ਲਈ ਕਿਸ ਨਾਲ ਸੰਪਰਕ ਕਰਨਾ ਹੈ।

## ਕੰਮ ਵਾਲੀ ਥਾਂ 'ਤੇ ਹਿੰਸਾ ਦੀ ਰੋਕਥਾਮ ਦੋਹਰੇ-ਰੁਜ਼ਗਾਰਦਾਤਾਵਾਂ ਅਤੇ ਅਸਥਾਈ (ਸਟਾਫਿੰਗ) ਏਜੰਸੀਆਂ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

ਜੇ ਤੁਸੀਂ ਇੱਕ ਅਸਥਾਈ ਕਰਮਚਾਰੀ ਹੋ, ਤਾਂ ਤੁਹਾਡੀ ਸਟਾਫਿੰਗ ਏਜੰਸੀ ਅਤੇ ਹੋਸਟ ਮਾਲਕ ਜਿਸ ਦੇ ਕੰਮ ਵਾਲੀ ਥਾਂ 'ਤੇ ਤੁਸੀਂ ਕੰਮ ਕਰਦੇ ਹੋ, ਦੋਵੇਂ ਤੁਹਾਡੀ ਸੁਰੱਖਿਆ ਅਤੇ ਸਿਹਤ ਲਈ ਜ਼ਿੰਮੇਵਾਰ ਹਨ ਅਤੇ ਉਹਨਾਂ ਨੂੰ ਕੰਮ ਵਾਲੀ ਥਾਂ 'ਤੇ ਖਤਰਿਆਂ ਤੋਂ ਤੁਹਾਡੀ ਰੱਖਿਆ ਕਰਨੀ ਲਾਜ਼ਮੀ ਬਣਦੀ ਹੈ। ਸਟਾਫਿੰਗ ਏਜੰਸੀਆਂ ਅਤੇ ਮੇਜ਼ਬਾਨ ਮਾਲਕ ਨੂੰ ਤੁਹਾਨੂੰ Cal/OSHA ਦੁਆਰਾ ਕੰਮ ਵਾਲੀ ਥਾਂ 'ਤੇ ਲੋੜੀਂਦੀ ਸੁਰੱਖਿਆ ਪ੍ਰਦਾਨ ਕਰਨੀ ਲਾਜ਼ਮੀ ਹੈ, ਜਿਵੇਂ ਕਿ ਢੁਕਵੀਂ ਸਿਖਲਾਈ ਅਤੇ ਨਿੱਜੀ ਸੁਰੱਖਿਆ ਉਪਕਰਨ।



## ਕੰਮ ਵਾਲੀ ਥਾਂ 'ਤੇ ਹਿੰਸਾ ਰੋਕਥਾਮ ਪਲਾਨ ਦੇ ਤਹਿਤ ਕਰਮਚਾਰੀਆਂ ਨੂੰ ਕਿਹੜੇ ਅਧਿਕਾਰ ਹਨ?

ਹਰੇਕ ਕਰਮਚਾਰੀ ਨੂੰ ਹੇਠ ਲਿਖੇ ਅਧਿਕਾਰ ਹਨ:

- ਉਨ੍ਹਾਂ ਨੂੰ ਅਜਿਹੇ ਤਰੀਕੇ ਨਾਲ ਸਿਖਲਾਈ ਦੇਣੀ ਲਾਜ਼ਮੀ ਹੈ ਜਿਸ ਨਾਲ ਉਨ੍ਹਾਂ ਨੂੰ ਪੂਰੀ ਸਮਝ ਆ ਜਾਵੇ ਅਤੇ ਸਿਖਲਾਈ ਦੌਰਾਨ ਵਰਤੀ ਜਾਣ ਵਾਲਾ ਭਾਸ਼ਾ ਵੀ ਉਨ੍ਹਾਂ ਅਨੁਸਾਰ ਹੋਣੀ ਲਾਜ਼ਮੀ ਹੈ।
- WVPP ਦੀ ਇੱਕ ਮੁਫ਼ਤ ਕਾਪੀ ਪ੍ਰਾਪਤ ਕਰਨ ਲਈ।
- ਬੇਨਤੀ ਦੇ 15 ਕੈਲੰਡਰ ਦਿਨਾਂ ਦੇ ਅੰਦਰ ਨਕਲ ਕਰਨ ਅਤੇ ਪ੍ਰੀਖਿਆ ਲਈ ਕੰਮ ਵਾਲੀ ਥਾਂ 'ਤੇ ਹਿੰਸਾ ਨਾਲ ਸਬੰਧਤ ਅੱਗੇ ਦਿੱਤੀਆਂ ਕਿਸਮਾਂ ਦੇ ਰਿਕਾਰਡ ਪ੍ਰਾਪਤ ਕਰੋ:
    - ਕੰਮ ਵਾਲੀ ਥਾਂ 'ਤੇ ਹਿੰਸਾ ਦੇ ਖਤਰੇ ਦੀ ਪਛਾਣ ਅਤੇ ਮੁਲਾਂਕਣ
    - ਸਿਖਲਾਈ
    - ਹਿੰਸਕ ਘਟਨਾ ਸਬੰਧੀ ਲੌਗ
- ਬਦਲੇ ਦੇ ਡਰ ਤੋਂ ਬਿਨਾਂ ਕਿਸੇ ਹਿੰਸਕ ਘਟਨਾ, ਧਮਕੀ ਜਾਂ ਕੰਮ ਵਾਲੀ ਥਾਂ 'ਤੇ ਹਿੰਸਾ ਦੀ ਹੋਰ ਚਿੰਤਾ ਦੀ ਰਿਪੋਰਟ ਮਾਲਕ ਜਾਂ ਕਨੂੰਨ ਲਾਗੂ ਕਰਨ ਵਾਲੇ ਨੂੰ ਕਰੋ।

ਸਾਰੇ ਕਾਮਿਆਂ ਨੂੰ ਉਹਨਾਂ ਦੀ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਇੱਕ ਸੁਰੱਖਿਅਤ ਅਤੇ ਸਿਹਤਮੰਦ ਕੰਮ ਵਾਲੀ ਥਾਂ ਦਾ ਹੱਕ ਹੈ ਅਤੇ ਉਹ Cal/OSHA ਕੋਲ ਕੰਮ ਵਾਲੀ ਥਾਂ ਦੀ ਸੁਰੱਖਿਆ ਅਤੇ ਸਿਹਤ ਖਤਰਿਆਂ ਬਾਰੇ ਗੁਪਤ ਸ਼ਿਕਾਇਤਾਂ ਦਰਜ ਕਰ ਸਕਦੇ ਹਨ।

ਕੰਮ ਨਾਲ ਸਬੰਧਤ ਸਵਾਲਾਂ ਜਾਂ ਸ਼ਿਕਾਇਤਾਂ ਲਈ, 833-579-0927 'ਤੇ Cal/OSHA ਕਾਲ ਸੈਂਟਰ ਨਾਲ ਸੰਪਰਕ ਕਰੋ। ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਦੋਭਾਸ਼ੀ ਪ੍ਰਤੀਨਿਧੀ ਉਪਲਬਧ ਹਨ।

ਮਾਰਚ 2024


© 2024 ਕੈਲੀਫੋਰਨੀਆ ਉਦਯੋਗਿਕ ਸੰਬੰਧਾਂ ਦਾ ਵਿਭਾਗ